# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ, (ਐ.ਸਿ), ਪੰਜਾਬ, ਸਅਸ ਨਗਰ।
## (ਅਮਲਾ-2 ਸ਼ਾਖਾ)

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿ),
ਪੰਜਾਬ।

ਮੀਮੋ ਨੰ: 18/234-12 ਅ-2 (3)
ਮਿਤੀ ਸਅਸ ਨਗਰ: 27-01-15

ਵਿਸ਼ਾ:- ਪੰਜਾਬ ਰਾਜ ਤੋਂ ਚੰਡੀਗੜ੍ਹ ਪ੍ਰਸ਼ਾਸਨ ਸਿੱਖਿਆ ਵਿਭਾਗ ਵਿੱਚ ਡੈਪੂਟੇਸ਼ਨ ਤੇ ਕੇਸ ਭੇਜਣ ਬਾਰੇ।
ਹਵਾਲਾ:- ਇਸ ਦਫਤਰ ਦੇ ਮੀਮੋ ਨੰ: 18/234-12 ਅ-2 (3) ਮਿਤੀ 10.12.14 ਦੇ ਸਬੰਧ ਵਿੱਚ।

ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਤੋਂ ਡੀ.ਪੀ.ਆਈ, ਚੰਡੀਗੜ੍ਹ ਪ੍ਰਸ਼ਾਸਨ ਵਿੱਚ ਡੈਪੂਟੇਸ਼ਨ ਤੇ ਜਾਣ ਸਬੰਧੀ ਮਿਤੀ 15.11.14 ਅਤੇ ਬਾਅਦ ਦੀ ਮਿਤੀ 26.12.14 ਤੱਕ ਕੇਸ ਮੰਗੇ ਗਏ ਸਨ। ਚੰਡੀਗੜ੍ਹ ਪ੍ਰਸ਼ਾਸ਼ਨ ਵਿਖੇ ਪੰਜਾਬ ਰਾਜ ਦੀ ਜੇ.ਬੀ.ਟੀ/ਈ.ਟੀ.ਟੀ ਕਾਡਰ ਦਾ ਕੋਟਾ ਪੂਰਾ ਕਰਨ ਲਈ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਡੈਪੂਟੇਸ਼ਨ ਦੇ ਕੇਸ ਮੰਗਣ ਲਈ ਇੱਕ ਵਾਰ ਫਿਰ 15 ਦਿਨ ਦਾ ਸਮਾਂ ਹੋਰ ਵਧਾ ਦਿੱਤਾ ਜਾਵੇ। ਸਰਕਾਰ ਦੇ ਇਸ ਫੈਸਲੇ ਅਨੁਸਾਰ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 10.02.2015 ਤੱਕ ਆਪ ਦੇ ਦਫਤਰ ਵਿਖੇ ਪ੍ਰਾਪਤ ਹੋਏ ਕੇਸ ਇਸ ਦਫਤਰ ਵਿਖੇ ਮਿਤੀ 11.02.2015 ਤੱਕ ਇਸ ਦਫਤਰ ਵਿਖੇ ਪੁੱਜਦੇ ਕੀਤੇ ਜਾਣ। ਇਸ ਮਿਤੀ ਤੋਂ ਬਾਅਦ ਕੋਈ ਵੀ ਕੇਸ ਇਸ ਦਫਤਰ ਨੂੰ ਨਾ ਭੇਜਿਆ ਜਾਵੇ। ਇਸ ਪੱਤਰ ਨੂੰ ਸਰਵ ਸਿੱਖਿਆ ਅਭਿਆਨ ਦੀ ਵੈੱਬਸਾਈਟ www.ssapunjab.org ਤੇ ਵੀ ਵੇਖਿਆ ਜਾ ਸਕਦਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ),
ਪੰਜਾਬ, ਐਸ.ਏ.ਐਸ ਨਗਰ (ਮੁਹਾਲੀ)।